JUDICIAL COUNCIL OF CALIFORNIA

**ਕੋਰਟ ਉਪਭੋਗੀਆਂ ਲਈ — *ਅੰਗਰੇਜ਼ੀ***

# Zoom 'ਤੇ ਵਿਆਖਿਆ ਨਾਲ ਜੁੜਣਾ-*ਤੇਜ਼ ਸ਼ੁਰੂਆਤ ਗਾਈਡ*

Zoom ਇੱਕ ਤਕਨੀਕੀ ਪ੍ਰੋਗਰਾਮ ਹੈ ਜੋ ਕਿ ਲੋਕਾਂ ਨੂੰ ਵੀਡੀਓ ਦੁਆਰਾ ਕਿਸੇ ਵੀ ਸਥਾਨ ਤੋਂ ਇੱਕ ਹੀ ਮੀਟਿੰਗ ਵਿੱਚ ਸ਼ਾਮਲ ਹੋਣ ਦਿੰਦਾ ਹੈ। ਅਦਾਲਤੀ ਕਾਰਵਾਈ ਕਰਨ ਲਈ ਤੁਹਾਡੀ ਕੋਰਟ Zoom ਦਾ ਉਪਯੋਗ ਕਰ ਸਕਦੀ ਹੈ। ਇਹ ਗਾਈਡ ਤੁਹਾਨੂੰ ਇਹ ਦੱਸੇਗੀ ਕਿ Zoom 'ਤੇ ਆਪਣੇ ਦੁਭਾਸ਼ੀਏ ਨਾਲ ਕਿਵੇਂ ਸ਼ਾਮਲ ਹੋਈਏ ਜੇਕਰ ਤੁਸੀਂ ਅਦਾਲਤੀ ਕਾਰਵਾਈ ਲਈ ਕਿਸੇ ਦੁਭਾਸ਼ੀਏ ਨੂੰ ਲੈਣ ਲਈ ਕਿਹਾ ਹੈ। *ਕਿਰਪਾ ਕਰ ਕੇ ਨੋਟ ਕਰੋ: ਇੱਥੇ ਦਿੱਤੀ ਗਈ ਜਾਣਕਾਰੀ Zoom ਦੇ ਭਵਿੱਖ ਦੇ ਅੱਪਡੇਟ ਨਾਲ ਬਦਲ ਸਕਦੀ ਹੈ।*

**ਵੀਡੀਓਜ਼ ਦੇਖੋ!**

ਆਪਣੇ ਦੂਰ-ਦੁਰਾਡੇ ਦੇ ਅਦਾਲਤੀ ਕਾਰਵਾਈ ਲਈ Zoom ਦਾ ਉਪਯੋਗ ਕਰਨ ਬਾਰੇ ਵਧੇਰੇ ਜਾਣਕਾਰੀ ਲਈ ਇਸ 'ਤੇ ਜਾਓ https://www.courts.ca.gov/VRI.htm। ਜਾਂ ਫਿਰ, QR ਕੋਡ ਨੂੰ ਸਕੈਨ ਕਰੋ।

ਇਹ ਜਾਣਕਾਰੀ ਕੰਪਿਊਟਰ, ਟੈਬਲੈੱਟ ਜਾਂ ਫਿਰ ਸਮਾਰਟਫੋਨ ਨਾਲ ਉਪਯੋਗ ਲਈ ਹੈ। *ਇਹ ਸਿਫਾਰਸ਼ ਕੀਤੀ ਜਾਂਦੀ ਹੈ ਕਿ ਤੁਸੀਂ ਆਪਣੀ ਡਿਵਾਈਸ 'ਤੇ ਮੁਫ਼ਤ Zoom ਐਪਲੀਕੇਸ਼ਨ ਡਾਊਨਲੋਡ ਕਰੋ ਤਾਂ ਜੋ ਕਿ ਇਸ ਦੀਆਂ ਸਾਰੀਆਂ ਸਹੂਲਤਾਂ ਤੱਕ ਵਧੇਰੇ ਪਹੁੰਚ ਹੋ ਸਕੇ।* ਜੇਕਰ ਤੁਸੀਂ ਕਿਸੇ ਕੰਪਿਊਟਰ, ਟੈਬਲੈਟ ਜਾਂ ਸਮਾਰਟਫੋਨ 'ਤੇ Zoom ਤੱਕ ਪਹੁੰਚ ਨਹੀਂ ਕਰ ਸਕਦੇ ਹੋ, ਤਾਂ ਕੋਰਟ ਨਾਲ ਸੰਪਰਕ ਕਰੋ।

**1**

### Zoom ਵਿੱਚ ਲੋਗਿਨ ਕਰੋ

ਕੋਰਟ ਤੋਂ ਹਾਸਲ Zoom ਮੀਟਿੰਗ ਲਿੰਕ ਦੀ ਚੋਣ ਕਰੋ ਜਾਂ ਫਿਰ ਇਸ ਨੂੰ ਵੈੱਬ ਬਰਾਊਜ਼ਰ ਵਿੱਚ ਦਰਜ ਕਰੋ। *ਕੁਝ ਮਿੰਟ ਪਹਿਲਾਂ ਸ਼ਾਮਲ ਹੋਣ ਨੂੰ ਯਕੀਨੀ ਬਣਾਓ।*




**2**

### ਮੀਟਿੰਗ ਆਈ.ਡੀ. ਅਤੇ ਪਾਸਕੋਡ ਦਾਖਲ ਕਰੋ

ਕੋਰਟ ਦੁਆਰਾ ਤੁਹਾਨੂੰ ਦਿਤੀ ਗਈ ਗਈ ਮੀਟਿੰਗ ਆਈ.ਡੀ. ਦਾਖਲ ਕਰੋ। ਸੰਕੇਤ ਮਿਲਣ 'ਤੇ ਪਾਸਕੋਡ ਦਰਜ ਕਰੋ। (ਇਹ ਜਾਣਕਾਰੀ ਕੋਰਟ ਦੁਆਰਾ ਭੇਜੇ ਗਏ Zoom ਮੀਟਿੰਗ ਸੱਦੇ ਵਿੱਚ ਹੋਵੇਗੀ।)

ਆਪਣਾ ਪੂਰਾ ਨਾਮ ਦਾਖਲ ਕਰਨਾ ਸੁਨਿਸ਼ਚਿਤ ਕਰੋ ਤਾਂ ਜੋ ਕਿ ਕੋਰਟ ਤੁਹਾਨੂੰ ਪਛਾਣ ਸਕੇ। ਫਿਰ "( Joinਸ਼ਾਮਲ ਹੋਵੋ)" ਦੀ ਚੋਣ ਕਰੋ।




ਇੱਕ ਕੰਪਿਊਟਰ 'ਤੇ




ਟੈਬਲੈਟ ਜਾਂ ਸਮਾਰਟਫੋਨ 'ਤੇ

**3**

### Zoom ਨੂੰ ਆਪਣੇ ਕੈਮਰੇ ਅਤੇ ਮਾਈਕ੍ਰੋਫ਼ੋਨ ਤੱਕ ਪਹੁੰਚ ਕਰਨ ਦਿਓ

"( OKਠੀਕ ਹੈ)" ਚੁਣੋ ਜੇਕਰ Zoom ਤੁਹਾਨੂੰ ਆਪਣੇ ਕੈਮਰੇ ਅਤੇ ਮਾਈਕ੍ਰੋਫੋਨ ਤੱਕ ਪਹੁੰਚ ਦੀ ਅਨੁਮਤੀ ਦੇਣ ਲਈ ਸੰਕੇਤ ਕਰਦਾ ਹੈ।



4

## ਆਡੀਓ ਸ਼ਾਮਲ ਕਰੋ

Zoom ਤੁਹਾਨੂੰ ਆਡੀਓ ਨਾਲ ਕੁਨੈਕਟ ਕਰਨ ਲਈ ਸੰਕੇਤ ਕਰੇਗਾ।

- ਕੰਪਿਊਟਰ: "( Computer Audioਕੰਪਿਊਟਰ ਆਡੀਓ)" ਟੈਬ 'ਤੇ "Join with Computer Audio (ਕੰਪਿਊਟਰ ਆਡੀਓ ਨਾਲ ਸ਼ਾਮਲ ਹੋਵੋ)" ਦੀ ਚੋਣ ਕਰੋ।
- ਟੈਬਲੈਟ ਜਾਂ ਸਮਾਰਟਫੋਨ: "( Wifi or Cellular  Dataਵਾਈ-ਫਾਈ ਜਾਂ ਸੈਲੂਲਰ ਡੇਟਾ)" ਦੀ ਚੋਣ ਕਰੋ।




ਇੱਕ ਕੰਪਿਊਟਰ 'ਤੇ




ਟੈਬਲੈਟ ਜਾਂ ਸਮਾਰਟਫੋਨ 'ਤੇ

5

## ਆਪਣੇ ਮਾਈਕ੍ਰੋਫੋਨ ਨੂੰ ਮਿਊਟ ਕਰੋ ਅਤੇ ਆਪਣੇ ਵੀਡੀਓ ਨੂੰ ਸ਼ੁਰੂ ਕਰੋ

ਜਦੋਂ ਤੁਹਾਡੇ ਮਾਈਕ੍ਰੋਫੋਨ ਜਾਂ ਕੈਮਰਾ ਆਈਕਾਨ ਦੇ ਮਾਧਿਅਮ ਨਾਲ ਲਾਲ ਸਲੈਸ਼ ਹੁੰਦਾ ਹੈ, ਤਾਂ ਉਹ ਬੰਦ ਹੋ ਜਾਂਦੇ ਹਨ। ਇਹ ਸੁਨਿਸ਼ਚਿਤ ਕਰੋ ਕਿ ਤੁਹਾਡੇ ਮਾਈਕ੍ਰੋਫੋਨ ਆਈਕਨ ਦੇ ਮਾਧਿਅਮ ਨਾਲ ਇੱਕ ਲਾਲ ਸਲੈਸ਼ ਹੈ ਅਤੇ (ਮਿਊਟ ਹੈ) ਅਤੇ ਇਹ ਕਿ ਤੁਹਾਡਾ ਕੈਮਰਾ ਨਹੀਂ ਹੈ (ਚਾਲੂ ਨਹੀਂ ਹੈ)।




6

## ਵਿਆਖਿਆ ਵਿੱਚ ਸ਼ਾਮਲ ਹੋਣਾ

ਇੱਕ ਵਾਰ ਸ਼ਾਮਲ ਹੋ ਜਾਣ ਤੋਂ ਬਾਅਦ, ਤੁਹਾਨੂੰ ਇੱਕ ਭਾਸ਼ਾ ਚੈਨਲ ਦੀ ਚੋਣ ਕਰਨੀ ਪਵੇਗੀ।

- ਕੰਪਿਊਟਰ: ਗਲੋਬ ਆਈਕਨ ਦੀ ਚੋਣ ਕਰੋ। ਫਿਰ ਜਿਸ ਭਾਸ਼ਾ ਵਿੱਚ ਤੁਸੀ ਬੋਲਣਾ ਅਤੇ ਸੁਣਨਾ ਚਾਹੁੰਦੇ ਹੋ, ਉਸ ਦੀ ਚੋਣ ਕਰੋ।
- ਟੈਬਲੈਟ ਜਾਂ ਸਮਾਰਟਫੋਨ: "( Moreਹੋਰ)" ਮੀਨੂੰ ਵਿੱਚ ਜਾਓ। ਫਿਰ "Language Interpretation (ਭਾਸ਼ਾ ਵਿਆਖਿਆ)" ਦੀ ਚੋਣ ਕਰੋ। ਜਿਸ ਭਾਸ਼ਾ ਵਿੱਚ ਤੁਸੀਂ ਬੋਲਣਾ ਅਤੇ ਸੁਣਨਾ ਚਾਹੁੰਦੇ ਹੋ, ਉਸ ਦੀ ਚੋਣ ਕਰੋ। ਫਿਰ "( Doneਮੁਕੰਮਲ)" ਦੀ ਚੋਣ ਕਰੋ।

*ਨੋਟ ਕਰੋ: ਜਦੋਂ ਤੱਕ ਕਿ ਤੁਸੀਂ "( Mute Original Audioਅਸਲ ਆਡੀਓ ਮਿਊਟ ਕਰੋ)" ਦੀ ਚੋਣ ਨਹੀਂ ਕਰਦੇ ਹੋ, ਉਦੋਂ ਤੱਕ ਤੁਸੀਂ ਬਹੁਤ ਘੱਟ ਮਾਤਰਾ ਵਿੱਚ ਅੰਗਰੇਜ਼ੀ ਆਡੀਓ ਸੁਣੋਗੇ।*

ਇੱਕ ਕੰਪਿਊਟਰ 'ਤੇ







ਟੈਬਲੈਟ ਜਾਂ ਸਮਾਰਟਫੋਨ 'ਤੇ









## ਤੁਹਾਡੀ ਵਿਆਖਿਆ ਕੀਤੀ ਗਈ ਦੂਰ-ਦੁਰਾਡੇ ਦੀ ਅਦਾਲਤੀ ਕਾਰਵਾਈ ਵਿੱਚ ਭਾਗ ਲੈਣ ਲਈ ਨੁਕਤੇ।

1. ਇੱਕ ਸ਼ਾਂਤ ਸਥਾਨ ਦੀ ਚੋਣ ਕਰੋ ਜਿੱਥੇ ਕਿ ਤੁਸੀਂ ਬਗੈਰ ਕਿਸੇ ਰੁਕਾਵਟ ਦੇ ਅਤੇ ਕੰਮ ਜਾਂ ਡਰਾਈਵ ਵਰਗੇ ਹੋਰ ਕਾਰਜ ਕੀਤੇ ਬਗੈਰ ਕੁਝ ਘੰਟਿਆਂ ਤੱਕ ਰਹਿ ਸਕੋ। ਇਸ ਦੀ ਬਹੁਤ ਜ਼ਿਆਦਾ ਸਿਫਾਰਸ਼ ਕੀਤੀ ਜਾਂਦੀ ਹੈ ਕਿ ਤੁਸੀਂ ਆਪਣੇ ਘਰ ਦਾ ਇੱਕ ਸ਼ਾਂਤ ਖੇਤਰ ਜਾਂ ਇੱਕ ਨਿੱਜੀ ਸਥਾਨ ਚੁਣੋ।
2. ਇਸ ਦੀ ਜਾਂਚ ਕਰੋ ਕਿ ਤੁਹਾਡੀ ਬੈਕਗਰਾਊਂਡ ਕੋਰਟ ਲਈ ਉਚਿਤ ਹੈ।
3. ਕੋਰਟ ਦੇ ਕੈਲੰਡਰ ਦੇ ਆਧਾਰ ’ਤੇ, ਤੁਹਾਨੂੰ ਆਪਣੇ ਮਾਮਲੇ ਨੂੰ ਬੁਲਾਏ ਜਾਣ ਲਈ ਕੁਝ ਸਮੇਂ ਤੱਕ ਇੰਤਜ਼ਾਰ ਕਰਨਾ ਪੈ ਸਕਦਾ ਹੈ। ਜਦੋਂ ਤੱਕ ਕਿ ਤੁਹਾਡੇ ਕੇਸ ਨਹੀਂ ਬੁਲਾਇਆ ਜਾਂਦਾ ਹੈ, ਉਦੋਂ ਤੱਕ ਤੁਹਾਨੂੰ ਵੇਟਿੰਗ ਰੂਮ ਵਿੱਚ ਰੱਖਿਆ ਜਾ ਸਕਦਾ ਹੈ।
4. ਉਚਿਤ ਪਹਿਰਾਵਾ ਪਾਓ। ਹਾਲਾਂਕਿ ਤੁਸੀਂ ਨਿੱਜੀ ਰੂਪ ਵਿੱਚ ਕੋਰਟ ਨਹੀਂ ਜਾ ਰਹੇ ਹੋ, ਪਰ ਜਿਸ ਪਹਿਰਾਵੇ ਦੀ ਤੁਸੀਂ ਚੋਣ ਕਰਦੇ ਹੋ, ਉਸ ਵਿੱਚ ਕੋਰਟ ਲਈ ਸਨਮਾਨ ਦਿਖਣਾ ਚਾਹੀਦਾ ਹੈ। ਕਿਸੇ ਅਜਿਹੇ ਪਹਿਰਾਵੇ ਦੀ ਚੋਣ ਕਰੋ ਜੋ ਕਿ ਤੁਸੀਂ ਇੱਕ ਪੇਸ਼ੇਵਰ ਦਫਤਰ ਜਾਂ ਬਿਜਨੈੱਸ ਸੈਟਿੰਗ ਵਿੱਚ ਪਹਿਨ ਸਕਦੇ ਹੋਵੋ।
5. ਦੁਭਾਸ਼ੀਏ ਰਾਹੀਂ ਸਿਰਫ ਆਪਣੀ ਭਾਸ਼ਾ ਵਿੱਚ ਸੁਣੋ ਅਤੇ ਬੋਲੋ।
6. ਹੌਲੀ ਜਿਹੇ ਬੋਲੋ ਅਤੇ ਅਕਸਰ ਵਿਰਾਮ ਲਓ ਤਾਂ ਜੋ ਕਿ ਦੁਭਾਸ਼ੀਆ ਵਿਆਖਿਆ ਕਰ ਸਕੇ। ਤੁਸੀਂ ਦੁਭਾਸ਼ੀਏ ਨੂੰ ਵਿਆਖਿਆ ਦਾ ਦੋਹਰਾਅ ਕਰਨ ਜਾਂ ਇਸ ਦੀ ਵਿਆਖਿਆ ਕਰਨ ਲਈ ਆਖ ਸਕਦੇ ਹੋ। ਹਾਲਾਂਕਿ, ਜੱਜ ਜਾਂ ਫਿਰ ਕਾਨੂੰਨੀ ਵਕੀਲ ਨੂੰ ਕਾਨੂੰਨੀ ਸ਼ਰਤਾਂ ਦੀ ਵਿਆਖਿਆ ਕਰਨੀ ਚਾਹੀਦੀ ਹੈ।
7. ਜੱਜ ਨੂੰ “Your Honor (ਯੂਅਰ ਆਨਰ)” ਕਹਿ ਕੇ ਸੰਬੋਧਨ ਕਰੋ।
8. ਜੇਕਰ ਤੁਸੀਂ ਸੁਣ ਨਹੀਂ ਸਕਦੇ ਹੋ, ਜਾਂ ਫਿਰ ਤੁਹਾਨੂੰ ਕੋਈ ਤਕਨੀਕੀ ਕਠਿਨਾਈ ਹੋ ਰਹੀ ਹੈ, ਤਾਂ ਜੱਜ ਨੂੰ ਦੱਸੋ।
9. ਰੁਕਾਵਟ ਨਾ ਪਾਓ। ਜੇਕਰ ਤੁਹਾਡਾ ਕੋਈ ਸਵਾਲ ਹੈ, ਤਾਂ ਤੁਸੀਂ ਟੂਲਬਾਰ ’ਤੇ “Reactions (ਪ੍ਰਤੀਕਿਰਿਆਵਾਂ)” ਦੇ ਤਹਿਤ “ raise ( handਹੱਥ ਖੜ੍ਹਾ ਕਰੋ)” ਆਈਕਨ ਦਾ ਉਪਯੋਗ ਕਰ ਸਕਦੇ ਹੋ। ਇਹ ਦੂਸਰਿਆਂ ਨੂੰ ਸੁਚੇਤ ਕਰਨ ਲਈ ਤੁਹਾਡੇ ਨਾਮ ਅਤੇ ਵੀਡੀਓ ਦੇ ਅੱਗੇ ਇੱਕ ਛੋਟਾ ਜਿਹਾ ਹੱਥ ਰੱਖੇਗਾ ਕਿ ਤੁਹਾਡਾ ਕੋਈ ਸਵਾਲ ਹੈ।
10. ਹਰ ਸਮੇਂ ਕੈਮਰੇ ਦੇ ਸਾਹਮਣੇ ਰਹੋ। ਯਾਦ ਰੱਖੋ ਕਿ ਤੁਹਾਡਾ ਕੈਮਰਾ ਚਾਲੂ ਹੋਣ ’ਤੇ ਹੋਰ ਲੋਕ ਤੁਹਾਨੂੰ ਦੇਖ ਸਕਣਗੇ।
11. ਜਦੋਂ ਤੱਕ ਤੁਸੀਂ ਬੋਲ ਨਹੀਂ ਰਹੇ ਹੋ, ਉਦੋਂ ਤੱਕ ਮਿਊਟ ਰਹੋ। ਯਾਦ ਰੱਖੋ ਕਿ ਜਦੋਂ ਤੱਕ ਤੁਹਾਡਾ ਮਾਈਕ੍ਰੋਫੋਨ ਮਿਊਟ ਨਹੀਂ ਕੀਤਾ ਜਾਂਦਾ ਹੈ, ਉਦੋਂ ਤੱਕ ਹੋਰ ਲੋਕ ਤੁਹਾਨੂੰ ਸੁਣ ਸਕਣਗੇ।
12. ਇਸ ’ਤੇ ਵਧੇਰੇ ਜਾਣਕਾਰੀ ਲਈ https://www.courts.ca.gov/VRI.htm ’ਤੇ ਵੀਡੀਓਜ਼ ਦੇਖੋ।
    - Zoom ’ਤੇ ਤੁਹਾਡੇ ਦੂਰ-ਦੁਰਾਡੇ ਦੀ ਕੋਰਟ ਦੀ ਕਾਰਵਾਈ ਲਈ ਤਿਆਰੀ
    - Zoom ’ਤੇ ਆਪਣੀ ਦੂਰ-ਦੁਰਾਡੇ ਦੀ ਕੋਰਟ ਦੀ ਕਾਰਵਾਈ ਵਿੱਚ ਕਿਵੇਂ ਸ਼ਾਮਲ ਹੋਣਾ ਹੈ